# ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
## (ਉਦਯੋਗਿਕ ਸਿਖਲਾਈ ਵਿੰਗ)

ਕਮਰਾ ਨੰ: 404 ਪਲਾਟ-1 ਏ, ਸੈਕਟਰ 36-ਏ, ਚੰਡੀਗੜ੍ਹ

ਫੋਨ ਨੰਬਰ 0172-5022367, 0172-5022380,

**Web Site- Deptt:- www.dtepunjab.gov.in, DGET:- www.dget.nic.in**


## NCVT ਟਰੇਡਾਂ ਦੀ ਐਫੀਲੀਏਸ਼ਨ ਲਈ ਅਰਜੀਆਂ ਦੀ ਮੰਗ

**ਪੰਜਾਬ ਰਾਜ ਵਿੱਚ ਐਨ.ਸੀ.ਵੀ.ਟੀ. ਨਾਲ ਐਫੀਲੀਏਟਿਡ ਪਹਿਲਾਂ ਤੋਂ ਚਲ ਰਹੀਆਂ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਪਾਸੋ ਸ਼ੈਸ਼ਨ ਅਗਸਤ-2012 ਤੋਂ capacity building ਹਿਤ ਹੋਰ ਨਵੀਆਂ ਟਰੇਡਾਂ/ਯੂਨਿਟ Add ਕਰਨ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।**

ਇਨਾਂ ਸੰਸਥਾਵਾਂ/ਸੋਸਾਇਟੀਆਂ ਵਲੋਂ ਨਵੇਂ ਟਰੇਡਾਂ ਲਈ ਜਾਂ ਪਹਿਲਾਂ ਤੋਂ ਚਲ ਰਹੇ ਟਰੇਡਾਂ/ਯੂਨਿਟਾਂ ਵਿਚ ਵਾਧਾ ਕਰਨ ਹਿੱਤ ਅਰਜੀਆਂ ਮਿਤੀ 5-12-2011 ਤੱਕ ਡੀ.ਜੀ.ਈ.ਟੀ. ਦੇ ਟ੍ਰੇਨਿੰਗ ਮੈਨੂਅਲ ਦੇ ਨਿਰਧਾਰਿਤ ਪ੍ਰੋਫਾਰਮੇ Annexure-1 ਤੇ ਸਮੇਤ 5000/- ਰੁਪਏ ਪ੍ਰੋਸੈਸਿੰਗ ਫੀਸ (ਜਿਹੜੀ ਕਿ ਨਾ-ਮੋੜਨਯੋਗ ਹੈ) ਡੀਮਾਂਡ ਡਰਾਫਟ ਦੇ ਰੂਪ ਵਿਚ ਜੋ ਕਿ **ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ** ਦੇ ਨਾਂ ਤੇ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ, ਵਿਭਾਗ ਨੂੰ ਉਪਰੋਕਤ ਦਿੱਤੇ ਪਤੇ ਤੇ ਦਿੱਤੀਆਂ ਜਾ ਸਕਦੀਆਂ ਹਨ। ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਅਰਜੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਇਹ ਪ੍ਰੋਫਾਰਮਾ (Annexure-1) ਅਤੇ ਐਨ.ਸੀ.ਵੀ.ਟੀ. ਅਧੀਨ ਟਰੇਡਾਂ ਦੀ ਹੋਰ ਜਾਣਕਾਰੀ ਵਿਭਾਗ ਦੀ ਵੈਬ ਸਾਈਟ ਅਤੇ ਡੀ.ਜੀ.ਈ.ਟੀ. ਨਵੀਂ ਦਿੱਲੀ ਦੀ ਵੈਬਸਾਈਟ ਤੋਂ ਲਈ ਜਾ ਸਕਦੀ ਹੈ।

ਜਿਹੜੀਆਂ ਪ੍ਰਾਈਵੇਟ ਸੰਸਥਾਵਾਂ ਅਰਜੀਆਂ ਦੇਣ ਦੀਆਂ ਚਾਹਵਾਨ ਹੋਣ, ਉਹਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ:-

i.) ਬਿਨੈਕਾਰਾਂ ਦੇ Annexure-I ਪ੍ਰਾਪਤ ਹੋਣ ਉਪਰੰਤ, ਮੁਢਲਾ ਨਿਰੀਖਣ ਕਰਵਾਉਣ ਸਬੰਧੀ ਕਾਰਵਾਈ ਇਕ ਮਹੀਨੇ ਤੋਂ ਉਪਰੰਤ ਅਰੰਭ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਲਈ ਬਿਨੈਕਾਰ NCVT ਨਾਰਮਜ ਅਨੁਸਾਰ 100% ਲੋੜੀਂਦਾ Infrastructure { Staff, Equipment, Space/Building and Power load} ਸਮੇਤ ਦਸਤਾਵੇਜਾਂ ਦੇ ਅਤੇ ਉਹਨਾਂ ਦੀ ਲੋੜੀਂਦੀ ਸੂਚਨਾ Annexure- III ਤੇ ਉਪਲਬਧ ਕਰਵਾਉਣ ਹਿੱਤ ਤਿਆਰ ਰੱਖਣ।

ii.) ਬਿਨੈਕਾਰ ਵਲੋਂ ਜੋ ਟਰੇਡਾਂ/ਯੂਨਿਟਾਂ ਦੀ ਮੰਗ Annexure- I ਵਿਚ ਕੀਤੀ ਜਾਵੇਗੀ, ਉਨਾਂ ਵਿਚ ਮੁਢਲੇ ਨਿਰੀਖਣ ਸਮੇ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।ਮੁਢਲਾ ਨਿਰੀਖਣ ਫੀਸ ਅਨੈਕਚਰ-1 ਵਿਚ ਅਪਲਾਈ ਕੀਤੀਆਂ ਸਾਰੀਆਂ ਟਰੇਡਾਂ ਦੇ ਯੂਨਿਟਾਂ ਅਨੁਸਾਰ ਹੀ ਪ੍ਰਾਪਤ ਕੀਤੀ ਜਾਵੇਗੀ।

iii.) ਮੁਢਲੇ ਨਿਰੀਖਣ ਦੇ ਨਿਰੀਖਣ ਚਾਰਜਿਜ (2500/- ਪ੍ਰਤੀ ਯੂਨਿਟ, ਜਿੰਨੇ ਯੂਨਿਟ Annexure- I ਵਿਚ ਦਰਸਾਏ ਗਏ ਹੋਣਗੇ), ਡੀਮਾਂਡ ਡਰਾਫਟ ਦੇ ਰੂਪ ਵਿਚ ਜੋ ਕਿ **ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ** ਦੇ ਨਾਂ ਤੇ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ, Annexure- I ਦੇ ਨਾਲ ਹੀ ਦਿੱਤੇ ਜਾਣ, ਜਿੰਨਾਂ ਕੇਂਦਰਾਂ ਵਲੋਂ ਨਿਰੀਖਣ ਚਾਰਜ ਨਹੀਂ ਦਿੱਤਾ ਜਾਵੇਗਾ, ਉਹਨਾਂ ਦਾ ਨਿਰੀਖਣ ਨਹੀਂ ਕਰਵਾਇਆ ਜਾਵੇਗਾ।

iv.) ਨਿਰੀਖਣ ਸਬੰਧੀ ਕਾਰਵਾਈ ਵਿਭਾਗ ਵਲੋਂ ਤਹਿ ਕੀਤੇ ਪ੍ਰੋਗਰਾਮ ਅਨੁਸਾਰ ਹੀ ਹੋਵੇਗੀ।

v.) ਬਿਨੈਕਾਰ ਅਪਲਾਈ ਕਰਨ ਸਮੇਂ Annexure-I ਵਿੱਚ ਆਪਣੀ ਸੰਸਥਾ ਦਾ ਮੁਕੰਮਲ ਅਡਰੈਸ, ਈ-ਮੇਲ ਆਈ.ਡੀ., ਮੋਬਾਇਲ ਨੰਬਰ ਅਤੇ ਲੈਂਡ ਲਾਈਨ ਨੰਬਰ ਸਾਫ ਸਾਫ ਸਬਦਾਂ ਵਿਚ ਜਰੂਰ ਲਿਖਣ।

vi.) ਜਿਹੜੀਆਂ ਸੰਸਥਾਵਾਂ ਤੀਜੀ ਸ਼ਿਫਟ ਵਿਚ ਤੀਜਾ ਯੂਨਿਟ ਚਲਾਉਣ ਦੇ ਚਾਹਵਾਨ ਹਨ, ਉਹ ਇਸ ਵਿਗਿਆਪਨ ਦੇ ਤਹਿਤ ਅਪਲਾਈ ਨਾ ਕਰਨ।

vii.) ਜਿਹੜੀਆਂ ਸੰਸਥਾਵਾਂ/ਸੋਸਾਇਟੀਆਂ ਵਲੋਂ ਸ਼ੈਸ਼ਨ 2011 ਲਈ ਪਿਛਲੇ ਵਿਗਿਆਪਨ ਦੇ ਤਹਿਤ ਅਪਲਾਈ ਕੀਤਾ ਗਿਆ ਸੀ ਅਤੇ ਉਸ ਵਿਚੋਂ ਜ਼ਿਨਾਂ ਸੰਸਥਾਵਾਂ ਵਲੋਂ, ਵਿਭਾਗ ਵਲੋਂ ਨਿਸ਼ਚਿਤ ਕੀਤੇ ਸ਼ਡਿਊਲ ਦੇ ਮੁਤਾਬਿਕ ਨਿਰੀਖਣ ਨਹੀਂ ਕਰਵਾਏ, ਉਨ੍ਹਾਂ ਦੀਆਂ ਪਹਿਲਾਂ ਦਿੱਤੀਆਂ ਪ੍ਰਤੀ ਬੇਨਤੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਇਸ ਵਿਗਿਆਪਨ ਤਹਿਤ ਪ੍ਰਾਪਤ ਹੋਣ ਵਾਲੀਆਂ ਅਰਜੀਆਂ ਤੇ ਟ੍ਰੇਨਿੰਗ ਮੈਨੂੰਅਲ/ਐਫੀਲੀਏਸਨ ਪਾਲਸੀ (ਸਮੇਂ ਸਮੇਂ ਤੇ ਸ਼ੋਧ) ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ NCVT/ਡੀ.ਜੀ.ਈ ਅਤੇ ਟੀ. ਨਵੀਂ ਦਿੱਲੀ ਵਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਵੀ ਇਸ ਇਸਤਿਹਾਰ ਰਾਹੀਂ ਪ੍ਰਾਪਤ ਹੋਣ ਵਾਲੀਆਂ ਅਰਜੀਆਂ ਤੇ ਲਾਗੂ ਹੋਣਗੀਆਂ। ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਜਿਨਾਂ ਅਰਜੀਆਂ ਨਾਲ ਪ੍ਰੋਸੈਸਿੰਗ ਫੀਸ ਦਾ ਡੀਮਾਂਡ ਡਰਾਫਟ ਨੱਥੀ ਨਹੀਂ ਹੋਵੇਗਾ ਜਾਂ ਉਨਾਂ ਵਿਚ ਅਧੂਰੀ ਸੂਚਨਾ ਮੁੱਹਈਆਂ ਕਰਵਾਈ ਗਈ ਹੋਵੇਗੀ ਉਨਾਂ ਅਰਜੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਸਿੱਧੇ ਰੂਪ ਵਿਚ ਰੱਦ ਕਰ ਦਿੱਤੀਆਂ ਜਾਣਗੀਆਂ।

**ਨੋਟ: ਨਵੀਆਂ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਚਲਾਉਣ ਦੇ ਚਾਹਵਾਨ, ਇਸ ਵਿਗਿਆਪਨ ਦੇ ਹਵਾਲੇ ਵਿੱਚ ਅਪਲਾਈ ਨਾ ਕਰਨ।**

ਮਿਤੀ: 14-11-2011

ਕਮਿਸ਼ਨਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।